**10-12-23** ਸਵੇਰੇ ਦੀ ਮੁਰਲੀ ਓਮ ਸ਼ਾਂਤੀ “ਅਵਿਯਕਤ ਬਾਪਰਿਵਾਇਜ਼ ਦਾਦਾ” **23-02-97** ਮਧੂਬਨ

"ਸਾਥੀ ਨੂੰ ਸਾਥ ਰੱਖ ਸਾਖਸ਼ੀ ਅਤੇ ਖੁਸ਼ਨੁਮਾ ਤਖ਼ਤਨਸ਼ੀਨ ਰਹੋ"

ਅੱਜ ਵਿਸ਼ਵ ਕਲਿਆਣਕਾਰੀ ਬਾਪ ਵਿਸ਼ਵ ਦੇ ਚਾਰੋਂ ਪਾਸੇ ਦੇ ਬੱਚਿਆਂ ਨੂੰ ਦੇਖ ਹਰਸ਼ਿਤ ਹੋ ਰਹੇ ਹਨ। ਸਭ ਬੱਚਿਆਂ ਦੇ ਸਨੇਹ ਅਤੇ ਸਹਿਯੋਗ ਦੀਆਂ ਰੇਖਾਵਾਂ ਬੱਚਿਆਂ ਦੇ ਚੇਹਰੇ ਤੋਂ ਦਿਖਾਈ ਦੇ ਰਹੀਆਂ ਹਨ। ਹਰ ਇੱਕ ਦੇ ਦਿਲ ਤੋਂ “ਮੇਰਾ ਬਾਬਾ”, ਇਹ ਗੀਤ ਬਾਪਦਾਦਾ ਸੁਣ ਰਹੇ ਹਨ। ਬਾਪਦਾਦਾ ਵੀ ਰੇਸਪਾਂਡ ਵਿੱਚ ਕਹਿੰਦੇ ਹਨ ‘ਓ ਮੇਰੇ ਅਤਿ ਪ੍ਰਿਯ, ਅਤਿ ਸਨੇਹੀ ਲਾਡਲੇ ਬੱਚੇ’। ਹਰ ਇੱਕ ਬੱਚਾ ਪ੍ਰਿਯ ਵੀ ਹੈ, ਲਾਡਲੇ ਵੀ ਹਨ, ਕਿਉਂ? ਕੋਟਾਂ ਵਿੱਚ ਕੋਈ ਅਤੇ ਕੋਈ ਵਿੱਚ ਵੀ ਕੋਈ ਹੋ। ਤਾਂ ਲਾਡਲੇ ਹੋਏ ਨਾ! ਤਾਂ ਬਾਪਦਾਦਾ ਵੀ ਲਾਡਲੇ ਬੱਚਿਆਂ ਨੂੰ ਦੇਖ ਖੁਸ਼ ਹੁੰਦੇ ਹਨ। ਬੱਚਿਆਂ ਨੂੰ ਵੀ ਸਦਾ ਖੁਸ਼ੀ ਵਿੱਚ ਡਾਂਸ ਕਰਦੇ ਹੋਏ ਦੇਖਦੇ ਹਨ ਅਤੇ ਸਦਾ ਦੇਖਣਾ ਚਾਹੁੰਦੇ ਹਨ। ਖੁਸ਼ੀ ਵਿੱਚ ਰਹਿੰਦੇ ਤਾਂ ਹਨ ਪਰ ਬਾਪ ਸਦਾ ਚਾਹੁੰਦੇ ਹਨ। ਸਦਾ ਖੁਸ਼ ਰਹਿੰਦੇ ਹੋ ਜਾਂ ਖੁਸ਼ੀ ਵਿੱਚ ਫ਼ਰਕ ਪੈਂਦਾ ਹੈ? ਕਦੀ ਬਹੁਤ ਖੁਸ਼ੀ, ਕਦੀ ਥੋੜ੍ਹਾ ਘਟ ਅਤੇ ਕਦੀ ਬਹੁਤ ਘੱਟ!

ਬਾਪ ਨੇ ਪਹਿਲੇ ਵੀ ਸੁਣਾਇਆ ਹੈ ਕਿ ਵਰਤਮਾਨ ਸਮੇਂ ਤੁਸੀਂ ਬੱਚਿਆਂ ਦੀ ਵਿਸ਼ਵ ਨੂੰ ਇਸ ਸੇਵਾ ਦੀ ਜਰੂਰਤ ਹੈ ਜੋ ਚਹਿਰੇ ਤੋਂ, ਨੈਣਾਂ ਤੋਂ, ਦੋ ਸ਼ਬਦ ਤੋਂ ਹਰ ਆਤਮਾ ਦੇ ਦੁੱਖ ਨੂੰ ਦੂਰ ਕਰ ਖੁਸ਼ੀ ਦੇ ਦਵੋ। ਤੁਹਾਨੂੰ ਦੇਖਦੇ ਹੀ ਖੁਸ਼ ਹੋ ਜਾਣ ਇਸਲਈ ਖੁਸ਼ਨੁਮਾ ਚਿਹਰਾ ਜਾਂ ਖੁਸ਼ਨੁਮਾ ਮੂਰਤ ਸਦਾ ਰਹੋ ਕਿਉਂਕਿ ਮਨ ਦੀ ਖੁਸ਼ੀ ਸੂਰਤ ਤੋਂ ਸਪੱਸ਼ਟ ਦਿਖਾਈ ਦਿੰਦੀ ਹੈ। ਕਿੰਨਾ ਵੀ ਕੋਈ ਭਟਕਦਾ ਹੋਇਆ, ਪ੍ਰੇਸ਼ਾਨ, ਸੁਖ ਦੀ ਲਹਿਰ ਵਿੱਚ ਆਏ, ਖੁਸ਼ੀ ਵਿੱਚ ਰਹਿਣਾ ਅਸੰਭਵ ਵਿੱਚ ਰਹਿਣਾ ਅਸੰਭਵ ਵੀ ਸਮਝਦੇ ਹੋ ਪਰ ਤੁਹਾਡੇ ਸਾਹਮਣੇ ਆਉਂਦੇ ਹੀ ਤੁਹਾਡੀ ਮੂਰਤ, ਤੁਹਾਡੀ ਵ੍ਰਿਤੀ, ਤੁਹਾਡੀ ਦ੍ਰਿਸ਼ਟੀ ਆਤਮਾ ਨੂੰ ਪਰਿਵਰਤਨ ਕਰ ਲਵੇ। ਅੱਜ ਮਨ ਦੀ ਖੁਸ਼ੀ ਦੇ ਲਈ ਕਿੰਨਾ ਖ਼ਰਚ ਕਰਦੇ ਹਨ, ਕਿੰਨਾ ਮੰਨੋਰਜਨ ਦੇ ਨਵੇਂ - ਨਵੇਂ ਸਾਧਨ ਬਣਾਉਂਦੇ ਹਨ। ਉਹ ਹਨ ਅੱਧਾਕਲਪ ਦੇ ਸਾਧਨ ਅਤੇ ਤੁਹਾਡੀ ਹੈ ਸਦਾਕਾਲ ਦੀ ਸੱਚੀ ਸਾਧਨਾ। ਤਾਂ ਸਾਧਨਾ ਉਹਨਾਂ ਆਤਮਾਵਾਂ ਨੂੰ ਪਰਿਵਰਤਨ ਕਰ ਲਵੇ। ਹਾਯ - ਹਾਯ ਲੈਕੇ ਆਵੇ ਅਤੇ ਵਾਹ - ਵਾਹ ਲੈਕੇ ਜਾਏ। ਵਾਹ ਕਮਾਲ ਹੈ - ਪਰਮਾਤਮ ਆਤਮਾਵਾਂ ਦੀ! ਤਾਂ ਇਹ ਸੇਵਾ ਕਰੋ। ਸਮੇਂ ਪ੍ਰਤੀ ਸਮੇਂ ਜਿੰਨਾਂ ਅਲਪਕਾਪ ਦੇ ਸ਼ਾਧਨਾ ਤੋਂ ਪ੍ਰੇਸ਼ਾਨ ਹੁੰਦੇ ਜਾਣਗੇ, ਇਵੇਂ ਦੇ ਸਮੇਂ ਤੇ ਤੁਹਾਡੀ ਖੁਸ਼ੀ ਉਹਨਾਂ ਦਾ ਸਹਾਰਾ ਬਣ ਜਾਏਗੀ ਕਿਉਂਕਿ ਤੁਸੀਂ ਹੋ ਹੀ ਖੁਸ਼ਨਸੀਬ। ਖੁਸ਼ਨਸੀਬ ਹੋ ਜਾਂ ਨਹੀਂ? ਅਧੂਰੇ ਤਾਂ ਨਹੀਂ? ਹੋ ਹੀ ਖੁਸ਼ਨਸੀਬ। ਤੁਹਾਡੇ ਵਰਗਾ ਖੁਸ਼ਨਸੀਬ ਸਾਰੇ ਕਲਪ ਵਿੱਚ ਕੋਈ ਆਤਮਾਵਾਂ ਨਹੀਂ। ਐਨਾ ਨਸ਼ਾ ਚੇਹਰੇ ਅਤੇ ਚਲਣ ਤੋਂ ਅਨੁਭਵ ਕਰਾਓ। ਕਰ ਸਕਦੇ ਹੋ ਜਾਂ ਕਰਾਉਂਦੇ ਵੀ ਹੋ?

ਬ੍ਰਾਹਮਣ ਜੀਵਨ ਵਿੱਚ ਜੇਕਰ ਖੁਸ਼ੀ ਨਹੀਂ ਤਾਂ ਬ੍ਰਾਹਮਣ ਬਣਕੇ ਕੀ ਕੀਤਾ! ਬ੍ਰਾਹਮਣ ਜੀਵਨ ਮਤਲਬ ਖੁਸ਼ੀ ਦਾ ਜੀਵਨ। ਕਦੀ -ਕਦੀ ਬਾਪਦਾਦਾ ਦਿਖਾਉਂਦੇ ਹਨ, ਕਿਸੇ - ਕਿਸੇ ਦੇ ਚੇਹਰੇ ਜੋ ਹੁੰਦੇ ਹਨ ਨਾ ਉਹ ਥੋੜ੍ਹਾ ਜਿਹਾ... ਕੀ ਹੁੰਦਾ ਹੈ? ਚੰਗੀ ਤਰ੍ਹਾਂ ਨਾਲ ਜਾਣਦੇ ਹਨ, ਤਾਂ ਹੀ ਹੱਸਦੇ ਹਨ। ਤਾਂ ਬਾਪਦਾਦਾ ਨੂੰ ਅਜਿਹਾ ਚੇਹਰਾ ਦੇਖ ਰਹਿਮ ਵੀ ਆਉਂਦਾ ਹੈ ਅਤੇ ਥੋੜ੍ਹਾ ਜਿਹਾ ਅਸਚਾਰਯ ਵੀ ਲੱਗਦਾ। ਮੇਰੇ ਬੱਚੇ ਅਤੇ ਉਦਾਸ! ਹੋ ਸਕਦਾ ਹੈ ਕੀ? ਨਹੀਂ ਨਾ! ਉਦਾਸ ਮਤਲਬ ਮਾਇਆ ਦੇ ਦਾਸ। ਪਰ ਤੁਸੀਂ ਤਾਂ ਮਾਸਟਰ ਮਾਇਆਜੀਤ ਹੋ। ਮਾਇਆ ਤੁਹਾਡੇ ਅੱਗੇ ਕੀ ਹੈ? ਕੀੜੀ ਵੀ ਨਹੀਂ ਹੈ, ਮਰੀ ਹੋਈ ਕੀੜੀ। ਦੂਰ ਤੋਂ ਲੱਗਦਾ ਹੈ ਜਿੰਦਾ ਹੈ ਪਰ ਹੁੰਦੀ ਮਰੀ ਹੋਈ ਹੈ। ਸਿਰਫ਼ ਦੂਰ ਤੋਂ ਪਰਖਣ ਦੀ ਸ਼ਕਤੀ ਚਾਹੀਦੀ ਹੈ। ਜਿਵੇਂ ਬਾਪ ਦੀ ਨਾਲੇਜ਼ ਵਿਸਤਾਰ ਨਾਲ ਜਾਣਦੇ ਹੋ ਨਾ, ਇਵੇਂ ਮਾਇਆ ਦੇ ਵੀ ਬਹੁਰੂਪੀ ਰੂਪ ਦੀ ਪਹਿਚਾਣ, ਨਾਲੇਜ਼ ਵੀ ਚੰਗੀ ਤਰ੍ਹਾਂ ਧਾਰਨ ਕਰ ਲਵੋ। ਉਹ ਸਿਰਫ਼ ਡਰਾਉਂਦੀ ਹੈ, ਜਿਵੇਂ ਛੋਟੇ ਬੱਚੇ ਹੁੰਦੇ ਹਨ ਨਾ ਤਾਂ ਉਹਨਾਂ ਨੂੰ ਮਾਂ ਬਾਪ ਨਿਰਭੈ ਬਣਾਉਣ ਲਈ ਡਰਾਉਂਦੇ ਹਨ। ਕੁਝ ਕਰਨਗੇ ਨਹੀਂ, ਜਾਨਬੁਝਕੇ ਡਰਾਉਣ ਦੇ ਲਈ ਕਰਦੇ ਹਨ। ਇਵੇਂ ਮਾਇਆ ਵੀ ਆਪਣਾ ਬਣਾਉਣ ਦੇ ਲਈ ਬਹੁਰੂਪ ਧਾਰਨ ਕਰਦੀ ਹੈ। ਜਦੋਂ ਬਹੁਰੂਪ ਧਾਰਨ ਕਰਦੀ ਹੈ ਤਾਂ ਤੁਸੀਂ ਵੀ ਬਹੁਰੂਪੀ ਬਣ ਉਸਨੂੰ ਪਰਖ ਲਵੋ। ਪਰਖ ਨਹੀਂ ਸਕਦੇ ਹੋ ਨਾ, ਤਾਂ ਕੀ ਖੇਲ੍ਹ ਕਰਦੇ ਹੋ? ਯੁੱਧ ਕਰਨਾ ਸ਼ੁਰੂ ਕਰ ਦਿੰਦੇ ਹੋ ਹਾਯ, ਮਾਇਆ ਆ ਗਈ! ਅਤੇ ਯੁੱਧ ਕਰਨ ਨਾਲ ਬੁੱਧੀ, ਮਨ ਥੱਕ ਜਾਂਦਾ ਹੈ। ਫਿਰ ਥਕਾਵਟ ਨਾਲ ਕੀ ਕਹਿੰਦੇ ਹੋ? ਮਾਇਆ ਬੜੀ ਪ੍ਰਬਲ ਹੈ, ਮਾਇਆ ਬੜੀ ਤੇਜ਼ ਹੈ। ਕੁਝ ਵੀ ਨਹੀਂ ਹੈ। ਤੁਹਾਡੀ ਕਮਜ਼ੋਰੀ ਵੱਖ - ਵੱਖ ਮਾਇਆ ਦੇ ਰੂਪ ਬਣ ਜਾਂਦੀ ਹੈ। ਤਾਂ ਬਾਪਦਾਦਾ ਸਦਾ ਹਰ ਇੱਕ ਬੱਚੇ ਨੂੰ ਖੁਸ਼ਨਸ਼ੀਬ ਦੇ ਨਸ਼ੇ ਵਿੱਚ, ਖੁਸ਼ਨੁਮਾ ਚੇਹਰੇ ਵਿੱਚ ਅਤੇ ਖੁਸ਼ੀ ਦੀ ਖ਼ੁਰਾਕ ਨਾਲ ਤੰਦਰੁਸਤ ਅਤੇ ਸਦਾ ਖੁਸ਼ੀ ਦੇ ਖਜ਼ਾਨੇ ਨਾਲ ਸੰਪੰਨ ਵੇਖਣਾ ਚਾਹੁੰਦੇ ਹਨ। ਜੀਵਨ ਵਿੱਚ ਚਾਹੀਦਾ ਹੈ ਕੀ? ਖ਼ੁਰਾਕ ਅਤੇ ਖਜ਼ਾਨਾ। ਹੋਰ ਕੀ ਚਾਹੀਦਾ! ਤਾਂ ਤੁਹਾਡੇ ਕੋਲ ਖੁਸ਼ੀ ਦੀ ਖੁਰਾਕ ਹੈ ਜਾਂ ਸਟਾਕ ਕਦੀ ਖ਼ਤਮ ਹੋ ਜਾਂਦਾ ਹੈ? ਖੁਸ਼ੀ ਦਾ ਖਜ਼ਾਨਾ ਅਖੁਟ ਹੈ। ਅਖੁਟ ਹੈ ਨਾ? ਅਤੇ ਜਿਨ੍ਹਾਂ ਖ਼ਰਚਿਆ ਓਨਾ ਵਧੇ। ਜੇਕਰ ਹੋਰ ਕੋਈ ਵੀ ਪੁਰਸ਼ਾਰਥ ਨਹੀਂ ਕਰੋ ਸਿਰਫ਼ ਇੱਕ ਲਕਸ਼ ਰੱਖੋ - ਕੁਝ ਵੀ ਹੋ ਜਾਏ, ਭਾਵੇਂ ਆਪਣੇ ਮਨ ਦੇ ਸਥਿਤੀ ਦਵਾਰਾ, ਭਾਵੇਂ ਕੋਈ ਹੋਰ ਆਤਮਾਵਾਂ ਦਵਾਰਾ, ਭਾਵੇਂ ਪ੍ਰਕ੍ਰਿਤੀ ਦਵਾਰਾ, ਭਾਵੇਂ ਵਾਯੂਮੰਡਲ ਦਵਾਰਾ ਕੁਝ ਵੀ ਹੋ ਜਾਏ, ਮੈਨੂੰ ਖੁਸ਼ੀ ਨਹੀਂ ਛੱਡਣੀ ਹੈ। ਇਹ ਤਾਂ ਸਹਿਜ ਪੁਰਸ਼ਾਰਥ ਹੈ ਨਾ ਜਾਂ ਖੁਸ਼ੀ ਖਿਸਕ ਜਾਂਦੀ ਹੈ? ਸਹਿਜ ਹੈ ਜਾਂ ਕਦੀ- ਕਦੀ ਮੁਸ਼ਕਿਲ ਹੈ? ਦ੍ਰਿੜ੍ਹ ਸੰਕਲਪ ਰੱਖੋ ਹੋਰ ਗੱਲਾਂ ਨੂੰ ਭੁੱਲ ਜਾਓ। ਇੱਕ ਹੀ ਗੱਲ ਪੱਕੀ ਰੱਖੋ - ਮੈਨੂੰ ਖੁਸ਼ ਰਹਿਣਾ ਹੈ। ਤਾਂ ਗੱਲਾਂ ਕੀ ਲੱਗਣਗੀਆਂ? ਖੇਲ੍ਹ। ਅਤੇ ਆਪਣੀ ਖੇਲ੍ਹ ਦੇਖਣ ਦੀ ਸਾਖਸ਼ੀਪਨ ਦੀ ਸੀਟ ਤੇ ਸਦਾ

ਸਥਿਤ ਰਹੋ। ਭਾਵੇਂ ਕੋਈ ਅਪਮਾਨ ਕਰਨ ਵਾਲਾ ਹੋਵੇ, ਤੁਹਾਨੂੰ ਪ੍ਰੇਸ਼ਾਨ ਕਰ ਆਪਣੇ ਸਾਕਸ਼ੀਪਨ ਦੀ ਸ਼ਾਨ ਨਾਲ ਥੱਲੇ ਉਤਰਣ ਵਾਲੇ ਹੋਣ, ਪਰ ਤੁਸੀਂ ਸਾਖਸ਼ੀਪਨ ਦੀ ਸੀਟ ਤੋਂ ਥੱਲੇ ਨਹੀਂ ਆਓ। ਥੱਲੇ ਆ ਜਾਂਦੇ ਹੋ ਤਾਂ ਖੁਸ਼ੀ ਘਟ ਹੋ ਜਾਂਦੀ ਹੈ।

ਬਾਪਦਾਦਾ ਨੇ ਪਹਿਲੇ ਵੀ ਦੋ ਸ਼ਬਦ ਸੁਣਾਏ ਹਨ - ਸਾਥੀ ਅਤੇ ਸਾਕਸ਼ੀ। ਜਦੋਂ ਬਾਪਦਾਦਾ ਸਾਥ ਹੈ ਤਾਂ ਸਾਕਸ਼ੀਪਨ ਦੀ ਸੀਟ ਸਦਾ ਮਜ਼ਬੂਤ ਰਹਿੰਦੀ ਹੈ। ਕਹਿੰਦੇ ਸਭ ਹੋ ਬਾਪਦਾਦਾ ਨਾਲ ਹੈ, ਬਾਪਦਾਦਾ ਨਾਲ ਹੈ ਪਰ ਮਾਇਆ ਦਾ ਪ੍ਰਭਾਵ ਵੀ ਪੈਂਦਾ ਰਹਿੰਦਾ ਅਤੇ ਕਹਿੰਦੇ ਵੀ ਰਹਿੰਦੇ ਹੋ ਬਾਪਦਾਦਾ ਨਾਲ ਹੈ, ਬਾਪਦਾਦਾ ਨਾਲ ਹੈ, ਨਾਲ ਹੈ, ਪਰ ਨਾਲ ਨੂੰ ਅਜਿਹੇ ਸਮੇਂ ਤੇ ਯੂਜ਼ ਨਹੀਂ ਕਰਦੇ ਹੋ, ਕਿਨਾਰੇ ਵੀ ਕਰ ਦਿੰਦੇ ਹੋ। ਜਿਵੇਂ ਕੋਈ ਨਾਲ ਹੁੰਦਾ ਹੈ ਨਾ, ਕੋਈ ਬਹੁਤ ਅਜਿਹਾ ਕੰਮ ਪੈ ਜਾਂਦਾ ਹੈ ਜਾਂ ਕੋਈ ਅਜਿਹੀ ਗੱਲ ਹੁੰਦੀ ਹੈ ਤਾਂ ਸਾਥ ਕਦੀ ਖਿਆਲ ਨਹੀਂ ਹੁੰਦਾ, ਗੱਲਾਂ ਵਿੱਚ ਪੈ ਜਾਂਦੇ ਹੋ। ਇਵੇਂ ਨਾਲ ਹਨ ਇਹ ਮੰਨਦੇ ਵੀ ਹੋ, ਅਨੁਭਵ ਵੀ ਕਰਦੇ ਹੋ। ਕੋਈ ਹੈ ਜੋ ਕਹੇਗਾ ਨਾਲ ਨਹੀਂ ਹੈ? ਕੋਈ ਨਹੀਂ ਕਹਿੰਦਾ। ਸਭ ਕਹਿੰਦੇ ਹਨ ਮੇਰੇ ਨਾਲ ਹਨ, ਇਹ ਵੀ ਨਹੀਂ ਕਹਿੰਦੇ ਕਿ ਤੇਰੇ ਨਾਲ ਹੈ। ਹਰ ਇੱਕ ਕਹਿੰਦਾ ਹੈ ਮੇਰੇ ਨਾਲ ਹੈ। ਮੇਰੇ ਸਾਥੀ ਹਨ। ਮਨ ਤੋਂ ਕਹਿੰਦੇ ਹੋ ਜਾਂ ਮੂੰਹ ਤੋਂ ? ਮਨ ਤੋਂ ਕਹਿੰਦੇ ਹੋ?

ਬਾਪਦਾਦਾ ਤਾਂ ਖੇਲ੍ਹ ਦੇਖਦੇ ਹਨ, ਬਾਪ ਨਾਲ ਬੈਠੇ ਹਨ ਅਤੇ ਆਪਣੀ ਪਰਿਸਥਿਤੀ ਵਿੱਚ, ਉਸਨੂੰ ਸਾਮਨਾ ਕਰਨ ਵਿੱਚ ਇਤਨਾ ਮਸਤ ਹੋ ਜਾਂਦੇ ਹਨ ਜੋ ਦੇਖਦੇ ਨਹੀਂ ਹਨ ਕਿ ਨਾਲ ਕੌਣ ਹੈ। ਤਾਂ ਬਾਪ ਵੀ ਕੀ ਕਰਦੇ? ਬਾਪ ਵੀ ਸਾਥੀ ਨਾਲ ਸਾਕਸ਼ੀ ਬਣਕੇ ਖੇਲ੍ਹ ਦੇਖਦੇ ਹਨ। ਇਵੇਂ ਤਾਂ ਨਹੀਂ ਕਰੋ ਨਾ। ਜਦੋਂ ਸਾਥੀ ਕਹਿੰਦੇ ਹੋ ਤਾਂ ਸਾਥ ਨਿਭਾਓ, ਕਿਨਾਰਾ ਕਿਉਂ ਕਰਦੇ ਹੋ? ਤਾਂ ਬਾਪ ਨੂੰ ਚੰਗਾ ਨਹੀਂ ਲੱਗਦਾ। ਬਾਪ ਇਹ ਸ਼ੁਭ ਆਸ ਰੱਖਦੇ ਹਨ ਅਤੇ ਹੈ ਵੀ ਇੱਕ -ਇੱਕ ਬੱਚਾ ਸਵਰਾਜ ਅਧਿਕਾਰੀ ਸੋ ਵਿਸ਼ਵ ਅਧਿਕਾਰੀ ਹਨ। ਤੁਸੀਂ ਲੋਕ ਪ੍ਰਜਾ ਹੋ ਕੀ! ਪ੍ਰਜਾ ਤਾਂ ਨਹੀਂ ਬਣਨਾ ਹੈ ਨਾ? ਰਾਜੇ, ਮਹਾਰਾਜੇ, ਵਿਸ਼ਵ ਰਾਜੇ ਹੋ ਨਾ! ਪ੍ਰਜਾ ਬਣਾਉਣ ਵਾਲੇ ਹੋ, ਪ੍ਰਜਾ ਬਣਨ ਵਾਲੇ ਨਹੀਂ ਹੋ। ਰਾਜਾ ਬਣਨ ਵਾਲੇ, ਪ੍ਰਜਾ ਬਨਾਉਣ ਵਾਲੇ ਹੋ। ਤਾਂ ਰਾਜਾ ਕਿੱਥੇ ਬੈਠਦਾ ਹੈ? ਤਖ਼ਤ ਤੇ ਬੈਠਣਾ ਹੈ ਨਾ! ਜਦੋਂ ਪ੍ਰੈਕਟੀਕਲ ਵਿੱਚ ਰਾਜਾ ਦੇ ਨਸ਼ੇ ਵਿੱਚ ਹੁੰਦਾ ਹੈ ਤਾਂ ਤਖ਼ਤ ਤੇ ਬੈਠਦਾ ਹੈ ਨਾਂ! ਤਾਂ ਸਾਕਸ਼ੀਪਨ ਦਾ ਤਖ਼ਤ ਛੱਡੋ ਨਹੀਂ। ਜੋ ਵੱਖ - ਵੱਖ ਪੁਰਸ਼ਾਰਥ ਕਰਦੇ ਹੋ ਉਸ ਵਿੱਚ ਥੱਕ ਜਾਂਦੇ ਹੋ। ਅੱਜ ਮਾਨਸਾ ਦਾ ਕੀਤਾ, ਕਲ ਵਾਚਾ ਦਾ ਕੀਤਾ, ਸੰਬੰਧ - ਸੰਪਰਕ ਦਾ ਕੀਤਾ ਤਾਂ ਥੱਕ ਜਾਂਦੇ ਹੋ। ਇੱਕ ਹੀ ਪੁਰਸ਼ਾਰਥ ਕਰੋ ਕਿ ਸਾਕਸ਼ੀ ਅਤੇ ਖੁਸ਼ਨੁਮਾ ਤਖ਼ਤਨਸ਼ੀਨ ਰਹਿਣਾ ਹੈ। ਇਹ ਤਖ਼ਤ ਕਦੀ ਨਹੀਂ ਛੱਡਣਾ ਹੈ। ਕੋਈ ਰਾਜਾ ਇਵੇਂ ਸਿਰਿਅਸ ਹੋਕੇ ਤਖ਼ਤ ਤੇ ਬੈਠੇ, ਬੈਠਾ ਤਖ਼ਤ ਤੇ ਹੋਵੇ ਪਰ ਬਹੁਤ ਕ੍ਰੋਧੀ ਹੋਵੇ, ਆਫੀਸ਼ੀਅਲ ਹੋਵੇ ਤਾਂ ਚੰਗਾ ਲੱਗੇਗਾ? ਕਹਿਣਗੇ ਇਹ ਤਾਂ ਰਾਜਾ ਨਹੀਂ ਹੈ। ਤਾਂ ਤੁਸੀਂ ਸਦਾ ਤਖ਼ਤਨਸ਼ੀਨ ਹੈ ਨਾ! ਉਹ ਰਾਜੇ ਤਾਂ ਕਦੀ ਤਖ਼ਤ ਤੇ ਬੈਠਦੇ, ਕਦੀ ਨਹੀਂ ਬੈਠਦੇ ਪਰ ਸਾਖਸ਼ੀਪਨ ਦਾ ਤਖ਼ਤ ਅਜਿਹਾ ਹੈ ਜਿਸ ਵਿਚ ਹਰ ਕੰਮ ਕਰਦੇ ਵੀ ਤਖ਼ਤਨਸ਼ੀਨ, ਉਤਰਨਾ ਨਹੀਂ ਪੈਂਦਾ ਹੈ। ਸੌਂਦੇ ਵੀ ਤਖ਼ਤਨਸ਼ੀਨ, ਉੱਠਦੇ - ਚੱਲਦੇ, ਸੰਬੰਧ - ਸੰਪਰਕ ਵਿੱਚ ਆਉਂਦੇ ਤਖ਼ਤਨਸ਼ੀਨ। ਤਖ਼ਤ ਤੇ ਬੈਠਣਾ ਆਉਂਦਾ ਹੈ ਕਿ ਬੈਠਣਾ ਨਹੀਂ ਆਉਂਦਾ ਹੈ, ਖ਼ਿਸਕ ਜਾਂਦੇ ਹੋ? ਸਾਖ਼ਸ਼ੀਪਨ ਦੇ ਤਖ਼ਤਨਸ਼ੀਨ ਆਤਮਾ ਕਦੀ ਵੀ ਕੋਈ ਸਮੱਸਿਆ ਵਿੱਚ ਪ੍ਰੇਸ਼ਾਨ ਨਹੀਂ ਹੋ ਸਕਦੀ। ਸਮੱਸਿਆ ਤਖ਼ਤ ਦੇ ਥੱਲੇ ਰਹਿ ਜਾਏਗੀ ਅਤੇ ਤੁਸੀਂ ਉੱਪਰ ਤਖ਼ਤਨਸ਼ੀਨ ਹੋਵੋਗੇ। ਸਮੱਸਿਆ ਤੁਹਾਡੇ ਲਈ ਸਿਰ ਨਹੀਂ ਉਠਾ ਸਕੇਗੀ, ਥੱਲੇ ਦੱਬੀ ਰਹੇਗੀ। ਤੁਹਾਨੂੰ ਪ੍ਰੇਸ਼ਾਨ ਨਹੀਂ ਕਰੇਗੀ ਅਤੇ ਕਿਸੇ ਨੂੰ ਵੀ ਦਬਾ ਦਵੋ ਤਾਂ ਅੰਦਰ ਹੀ ਅੰਦਰ ਖ਼ਤਮ ਹੋ ਜਾਏਗੀ ਨਾ। ਤਾਂ ਬਾਪਦਾਦਾ ਨੂੰ ਅਜਿਹੇ ਸਮੇਂ ਤੇ ਅਸਚਾਰਯ ਲੱਗਦਾ ਹੈ, ਤੁਸੀਂ ਨਹੀਂ ਆਸ਼ਚਰਯ ਕਰਨਾ। ਆਪਣੇ ਤੇ ਭਲੇ ਕਰਨਾ, ਦੂਸਰੇ ਤੇ ਨਹੀਂ ਕਰਨਾ। ਤਾਂ ਅਸ਼ਚਾਰਯ ਲੱਗਦਾ ਹੈ ਕਿ ਇਹ ਮੇਰੇ ਬੱਚੇ ਕੀ ਕਰ ਰਹੇ ਹਨ! ਤਖ਼ਤ ਤੋਂ ਉੱਤਰ ਰਹੇ ਹਨ। ਜਦੋਂ ਤਖ਼ਤਨਸ਼ੀਨ ਰਹਿਣ ਦੇ ਸੰਸ਼ਕਾਰ ਹੁਣ ਤੋਂ ਹੀ ਪਾਓਗੇ ਤਾਂ ਵਿਸ਼ਵ ਦੇ ਤਖ਼ਤ ਤੇ ਵੀ ਬੈਠਣਗੇ। ਇੱਥੇ ਸਦਾਕਾਲ ਤਖ਼ਤਨਸ਼ੀਨ ਨਹੀਂ ਹੋਣਗੇ ਤਾਂ ਉੱਥੇ ਵੀ ਸਦਾ ਮਤਲਬ ਜਿਨ੍ਹਾਂ ਸਮਾਂ ਫੁੱਲ ਹੈ, ਓਨਾ ਸਮਾ ਨਹੀਂ ਬੈਠ ਸਕਣਗੇ। ਸੰਸਕਾਰ ਸਭ ਹੁਣੇ ਹੀ ਭਰਨੇ ਹਨ। ਫਿਰ ਉੱਥੇ ਭਰੇ ਹੋਏ ਸੰਸਕਾਰ ਸਤਿਯੁਗ ਵਿੱਚ ਕੰਮ ਕਰਨਗੇ। ਰਾਇਲਟੀ ਦੇ ਸੰਸਕਾਰ ਹੁਣ ਤੋਂ ਭਰਨੇ ਹਨ। ਇਵੇਂ ਨਹੀਂ ਸੋਚਣਾ ਕਿ ਹੁਣ ਕੁਝ ਸਮਾ ਤਾਂ ਪਿਆ ਹੈ, ਇੰਨੇ ਵਿੱਚ ਵਿਨਾਸ਼ ਤਾਂ ਹੋਣਾ ਨਹੀਂ ਹੈ, ਇਹ ਨਹੀਂ ਸੋਚਣਾ। ਵਿਨਾਸ਼ ਹੋਣਾ ਹੈ ਅਚਾਨਕ। ਪੁੱਛਕੇ ਨਹੀਂ ਆਏਗਾ ਕਿ ਹਾਂ ਤਿਆਰ ਹੋ! ਸਭ ਅਚਾਨਕ ਹੋਣਾ ਹੈ। ਤੁਸੀਂ ਲੋਕ ਵੀ ਬ੍ਰਾਹਮਣ ਕਿਵੇਂ ਬਣੇ? ਅਚਾਨਕ ਹੀ ਸੰਦੇਸ਼ ਮਿਲਿਆ ਪ੍ਰਦਰਸ਼ਨੀ ਦੇਖੀ, ਸੰਪਰਕ - ਸੰਬੰਧ ਹੋਇਆ ਬਦਲ ਗਏ। ਕੀ ਸੋਚਿਆ ਸੀ ਕਿ ਇਸ ਤਾਰੀਖ਼ ਨੂੰ ਬ੍ਰਾਹਮਣ ਬਣਾਂਗੇ? ਅਚਾਨਕ ਹੋ ਗਿਆ ਨਾ! ਤਾਂ ਪਰਿਵਰਤਨ ਵੀ ਅਚਾਨਕ ਹੋਣਾ ਹੈ। ਤੁਹਾਨੂੰ ਪਹਿਲੇ ਮਾਇਆ ਹੋਰ ਹੀ ਅਲਬੇਲਾ ਬਣਾਵੇਗੀ, ਸੋਚਣਗੇ ਅਸੀਂ ਤਾਂ ਦੋ ਹਜ਼ਾਰ ਸੋਚਿਆ ਸੀ - ਉਹ ਵੀ ਪੂਰਾ ਹੋ ਗਿਆ, ਹੁਣ ਤਾਂ ਥੋੜ੍ਹਾ ਰੇਸਟ ਕਰ ਲਵੋ। ਪਹਿਲੇ ਮਾਇਆ ਆਪਣਾ ਜਾਦੂ ਫੈਲਾਏਗੀ, ਅਲਬੇਲਾ ਬਣਾਏਗੀ। ਕਿਸੀ ਵੀ ਗੱਲ ਵਿੱਚ, ਭਾਵੇਂ ਸੇਵਾ ਵਿੱਚ, ਭਾਵੇ ਯੋਗ ਵਿੱਚ, ਭਾਵੇਂ ਧਾਰਨਾ ਵਿੱਚ, ਭਾਵੇਂ ਸੰਬੰਧ - ਸੰਪਰਕ ਵਿੱਚ ਇਹ ਤਾਂ ਚਲਦਾ ਹੀ ਹੈ, ਇਹ ਤਾਂ ਹੁੰਦੀ ਹੀ ਹੈ… ਇਵੇਂ ਮਾਇਆ ਪਹਿਲੇ ਅਲਬੇਲਾ ਬਣਾਉਣ ਦੀ ਕੋਸ਼ਿਸ਼ ਕਰੇਗੀ। ਫਿਰ ਅਚਾਨਕ ਵਿਨਾਸ਼ ਹੋਵੇਗਾ, ਫਿਰ ਨਹੀਂ ਕਹਿਣਾ ਕਿ ਬਾਪਦਾਦਾ ਨੇ ਸੁਣਾਇਆ ਹੀ ਨਹੀਂ, ਇਵੇਂ ਵੀ ਹੋਣਾ ਹੈ ਕੀ! ਇਸਲਈ ਪਹਿਲੇ ਹੀ ਸੁਣਾ ਦਿੰਦੇ ਹਨ - ਅਲਬੇਲੇ ਕਦੀ ਵੀ ਕਿਸੀ ਵੀ ਗੱਲ ਵਿੱਚ ਨਹੀਂ ਬਣਨਾ। ਚਾਰ ਹੀ ਸਬਜੈਕਟ ਵਿੱਚ ਅਲਰਟ, ਹੁਣ ਵੀ ਕੁਝ ਹੋ ਜਾਏ ਤਾਂ ਅਲਰਟ। ਉਸ ਸਮੇਂ ਨਹੀਂ ਕਹਿਣਾ ਬਾਪਦਾਦਾ ਹੁਣ ਆਓ, ਹੁਣ ਸਾਥ ਨਿਭਾਓ, ਹੁਣ ਥੋੜੀ ਸ਼ਕਤੀ ਦੇ ਦੋ, ਉਸ ਸਮੇਂ ਨਹੀਂ ਦੇਣਗੇ। ਹੁਣ ਜਿੰਨੀ ਸ਼ਕਤੀ ਚਾਹੀਦੀ ਹੈ, ਜਿਵੇਂ ਦੀ ਚਾਹੀਦੀ ਹੈ ਓਨੀ ਜਮਾਂ ਕਰ ਲਵੋ। ਸਭਨੂੰ ਖੁਲੀ ਛੁੱਟੀ ਹੈ। ਖੁਲ੍ਹੇ ਭੰਡਾਰੇ ਹਨ, ਜਿੰਨੀ ਸ਼ਕਤੀ ਚਾਹੀਦੀ ਹੈ, ਜੋ ਸ਼ਕਤੀ ਚਾਹੀਦੀ ਹੈ ਉਹ ਲੈ ਲਵੋ। ਪੇਪਰ ਦੇ ਸਮੇਂ ਟੀਚਰ ਅਤੇ ਪ੍ਰਿੰਸੀਪਲ ਮਦਦ ਨਹੀਂ ਕਰਦਾ।

ਡਬਲ ਵਿਦੇਸ਼ੀ ਬੱਚਿਆਂ ਨੂੰ ਦੇਖ ਬਾਪ ਨੂੰ ਵੀ ਡਬਲ ਖੁਸ਼ੀ ਹੁੰਦੀ ਹੈ। ਕਿਓਂ ਹੁੰਦੀ ਹੈ? ਕਿਉਂਕਿ ਡਬਲ ਵਿਦੇਸ਼ੀਆਂ ਨੂੰ ਖੁਦ ਨੂੰ ਬਦਲਣ ਵਿੱਚ ਡਬਲ ਮਿਹਨਤ ਕਰਨੀ ਪਈ ਇਸਲਈ ਜੱਦ ਬਾਪਦਾਦਾ ਡਬਲ ਵਿਦੇਸ਼ੀ ਬੱਚਿਆਂ ਨੂੰ ਵੇਖਦੇ ਹਨ ਤਾਂ ਡਬਲ ਖੁਸ਼ੀ ਹੁੰਦੀ ਹੈ, ਵਾਹ ਮੇਰੇ ਡਬਲ ਵਿਦੇਸ਼ੀ ਬੱਚੇ ਵਾਹ! ਡਬਲ ਵਿਦੇਸ਼ੀ ਹੱਥ ਉਠਾਓ। ( ਵਿਸ਼ਵ ਦੇ ਅਨੇਕ ਦੇਸ਼ਾਂ ਦੇ ਕਰੀਬ ਇੱਕ ਹਜਾਰ ਭਾਈ ਭੈਣ ਸਭ ਵਿਚ ਹਾਜ਼ਿਰ ਹਨ)। ਵਾਹ ਬਹੁਤ ਚੰਗਾ। ਡਬਲ ਤਾਲੀ ਵਜਾਓ। ਬਾਪਦਾਦਾ ਵਿਦੇਸ਼ ਦੀ ਸੇਵਾ ਦੇ ਸਮਾਚਾਰ ਸੁਣਦੇ ਰਹਿੰਦੇ ਹਨ, ਦੇਖਦੇ ਵੀ ਰਹਿੰਦੇ ਹਨ, ਰਿਜਲਟ ਵਿੱਚ ਸੇਵਾ ਦਾ ਉਮੰਗ - ਉਤਸਾਹ ਬਹੁਤ ਚੰਗਾ ਹੈ। ਸਿਰਫ ਕਦੇ - ਕਦੇ ਆਪਣੇ ਉਪਰ ਸੇਵਾ ਦਾ ਥੋੜ੍ਹਾ ਜਿਹਾ ਬੋਝ ਉਠਾ ਲੈਂਦੇ ਹਨ। ਬੋਝ ਨਹੀਂ ਉਠਾਓ। ਬੋਝ ਬਾਪ ਨੂੰ ਦੇ ਦੇਵੋ। ਬਾਪ ਦੇ ਲਈ ਉਹ ਬੋਝ ਕੁਝ ਵੀ ਨਹੀਂ ਹੈ ਲੇਕਿਨ ਤੁਸੀਂ ਸੇਵਾ ਦਾ ਬੋਝ ਉਠਾ ਲੈਂਦੇ ਹੋ ਤਾਂ ਥੱਕ ਜਾਂਦੇ ਹੋ। ਸੇਵਾ ਬਹੁਤ ਚੰਗੀ ਕਰਦੇ ਹੈ, ਸੇਵਾ ਦੇ ਸਮੇਂ ਨਹੀਂ ਥਕਦੇ ਹੋ। ਉਸ ਸਮੇਂ ਬਹੁਤ ਬਹੁਤ ਵਧੀਆ ਚਿਹਰਿਆਂ ਦਾ ਫੋਟੋ ਨਿਕਾਲਣ ਵਾਲਾ ਹੁੰਦਾ ਹੈ ਲੇਕਿਨ ਕੋਈ - ਕੋਈ ( ਸਾਰੇ ਨਹੀਂ ) ਸੇਵਾ ਦੇ ਬਾਦ ਥੋੜਾ ਜਿਹਾ ਥਕਾਵਟ ਦੇ ਚਿਹਰੇ ਵਿੱਚ ਵਿਖਾਈ ਦਿੰਦੇ ਹਨ। ਬਾਪ ਕਹਿੰਦੇ ਹਨ ਬੋਝ ਉਠਾਉਂਦੇ ਕਿਓਂ ਹੋ? ਕੀ ਬੋਝ ਉਠਾਉਣਾ ਚੰਗਾ ਲਗਦਾ ਹੈ ਜਾਂ ਆਦਤ ਪਈ ਹੋਈ ਹੈ,? ਬੋਝ ਨਹੀਂ ਉਠਾਓ। ਬੋਝ ਤਾਂ ਲਗਦਾ ਹੈ ਜਦ ਬਾਪ ਨਾਲ ਨਹੀਂ ਹੈ। ਮੈਂ ਕੀਤਾ, ਮੈਂ ਕਰਦੀ ਹਾਂ, ਮੈਂ ਕਰਦਾ ਹਾਂ ਤਾਂ ਬੋਝ ਹੋ ਜਾਂਦਾ ਹੈ। ਬਾਪ ਨਾਲ ਹੈ, ਬਾਪ ਦਾ ਕੰਮ ਹੈ, ਬਾਪ ਕਰਵਾ ਰਿਹਾ ਹੈ ਤਾਂ ਬੋਝ ਨਹੀਂ ਹੋਵੇਗਾ। ਹਲਕੇ ਹੋ ਨੱਚਦੇ ਰਹੋਗੇ। ਜਿਵੇਂ ਡਾਂਸ ਬਹੁਤ ਚੰਗੀ ਕਰਦੇ ਹੋ ਨਾ। ਡਬਲ ਵਿਦੇਸ਼ੀਆਂ ਦੀ ਡਾਂਸ ਦੇਖੀ ਤਾਂ ਬਹੁਤ ਚੰਗੀ ਹੁੰਦੀ ਹੈ। ਆਪਣੇ ਨੂੰ ਥਕਾਉਂਦੇ ਨਹੀਂ ਹਨ, ਫਰਿਸ਼ਤੇ ਮੁਆਫਿਕ ਕਰਦੇ ਹੋ। ਇੰਡੀਅਨ ਜੋ ਕਰਨਗੇ ਉਹ ਪੈਰ ਥਕਾਉਣਗੇ, ਹੱਥ ਵੀ ਥਕਾਉਣਗੇ। ਲੇਕਿਨ ਵਿਦੇਸ਼ੀ ਡਾਂਸ ਵੀ ਲਾਈਟ ਕਰਦੇ ਹੋ, ਤਾਂ ਇਵੇਂ ਸੇਵਾ ਵੀ ਇੱਕ ਡਾਂਸ ਸਮਝੋ, ਖੇਲ ਸਮਝੋ। ਥੱਕੋ ਨਹੀਂ। ਬਾਪਦਾਦਾ ਨੂੰ ਉਹ ਫੋਟੋ ਚੰਗਾ ਨਹੀਂ ਲਗਦਾ ਹੈ। ਸੇਵਾ ਦਾ ਉਮੰਗ - ਉਤਸਾਹ ਚੰਗਾ ਹੈ ਅਤੇ ਇਹ ਵੀ ਰਿਜਲਟ ਬਾਪ ਦੇ ਕੋਲ ਹੈ ਕਿ ਹਾਲੇ ਥੋੜੀ ਜਿਹੀ ਗੱਲ ਵਿੱਚ ਹਲਚਲ ਵਿੱਚ ਆਉਣ ਦੀ ਪ੍ਰਸੇਂਟੈਂਜ ਬਹੁਤ ਘਟ ਹੈ। ਮਿਜਿਓਰਟੀ ਠੀਕ ਹਨ, ਬਾਕੀ ਥੋੜ੍ਹੀ ਗਿਣਤੀ ਕਦੇ - ਕਦੇ ਥੋੜ੍ਹਾ ਜਿਹਾ ਹਲਚਲ ਵਿੱਚ ਵਿਖਾਈ ਦਿੰਦੀ ਹੈ। ਲੇਕਿਨ ਆਦਿ ਦੀ ਰਿਜਲਟ ਅਤੇ ਹੁਣ ਦੀ ਰਿਜਲਟ ਵਿੱਚ ਬਹੁਤ ਫਰਕ ਹੈ। ਅਜਿਹਾ ਵਿਖਾਈ ਦਿੰਦਾ ਹੈ ਨਾ? ਹੁਣ ਨਾਜੁਕਪਨ ਛੱਡਦੇ ਜਾ ਰਹੇ ਹਨ। ਬਾਪਦਾਦਾ ਨੂੰ ਰਿਜਲਟ ਦੇਖ ਕਰਕੇ ਖੁਸ਼ੀ ਹੈ।

ਹੁਣ ਨਵੇਂ - ਨਵੇਂ ਮਾਇਕ ਵੀ ਤਿਆਰ ਕਰ ਰਹੇ ਹਨ। ਹਾਲੇ ਛੋਟੇ ਮਾਇਕ ਹਨ, ਲੇਕਿਨ ਛੋਟੇ ਤੋਂ ਵੱਡੇ ਤੱਕ ਵੀ ਆ ਜਾਣਗੇ। ਬਾਪਦਾਦਾ ਨੂੰ ਯਾਦ ਹੈ- ਆਦਿ ਵਿੱਚ ਇਹ ਵਿਦੇਸ਼ੀ ਟੀਚਰਜ਼ ਕਹਿੰਦੀ ਸੀ ਕਿ ਵੀ. ਆਈ. ਪੀਜ ਨੂੰ ਮਿਲਣਾ ਹੀ ਮੁਸ਼ਕਿਲ ਹੈ, ਆਉਣਾ ਤੇ ਛੱਡੋ, ਮਿਲਣਾ ਹੀ ਮੁਸ਼ਕਿਲ ਹੈ। ਅਤੇ ਹੁਣ ਸਹਿਜ ਹੋ ਗਿਆ ਕਿਉਂਕਿ ਤੁਸੀਂ ਵੀ ਵੀ. ਵੀ. ਵੀ. ਆਈ. ਪੀ. ਹੋ ਗਏ ਤਾਂ ਤੁਹਾਡੇ ਅੱਗੇ ਵੀ. ਆਈ. ਪੀ. ਕੀ ਹਨ! ਟੋਟਲ ਵਿਦੇਸ਼ ਦੀ ਰਿਜਲਟ ਚੰਗੀ ਹੈ। ਸੈਂਟਰਜ਼ ਵੀ ਚੰਗੇ ਹਨ। ਵ੍ਰਿਧੀ ਨੂੰ ਪ੍ਰਾਪਤ ਕਰਦੇ ਜਾ ਰਹੇ ਹਨ। ਭਾਰਤ ਵਿਚ ਹੈੱਡਸ ਨਹੀਂ ਹਨ,ਨਹੀਂ ਤਾਂ ਭਾਰਤ ਵਿਚ ਵੀ ਸੇਵਾਕੇਂਦਰ ਤਾਂ ਬਹੁਤ ਖੁਲ ਜਾਣ। ਇੱਕ - ਇੱਕ ਜੋਨ ਵਾਲਾ ਕਹਿੰਦਾ ਹੈ - ਹੈੱਡਸ ਨਹੀਂ ਹਨ। ਤਾਂ ਹੁਣ ਇਸ ਵਰ੍ਹੇ ਹੈੱਡਸ ਨਿਕਾਲਣ ਦੀ ਸੇਵਾ ਕਰੋ। ਹੈੱਡਸ ਮੰਗੋ ਨਹੀਂ, ਨਿਕਾਲੋ; ਹੋਰ ਹੀ ਦਾਨ ਪੁੰਨ ਕਰੋ।

ਵਿਦੇਸ਼ ਵਿੱਚ ਇਹ ਬਹੁਤ ਚੰਗਾ ਤਰੀਕਾ ਹੈ - ਜਿੱਥੇ ਵੀ ਸੈਂਟਰ ਖੁਲਦਾ ਹੈ, ਉੱਥੇ ਦੇ ਹੀ ਲੌਕਿਕ ਕੰਮ ਵੀ ਕਰਦੇ ਹਨ ਸੈਂਟਰ ਵੀ ਚਲਾਉਂਦੇ ਹਨ। ਕਿਵੇਂ ਚੱਲੇਗਾ ਕੌਣ ਚਲਾਏਗਾ, ਇਹ ਪ੍ਰਾਬਲਮ ਘਟ ਹੈ। ਤੁਸੀਂ ਲੋਕ ਇਹ ਨਹੀਂ ਸੋਚਣਾ ਕੀ ਅਸੀਂ ਲੋਕੀ ਕੰਮ ਕਿਓਂ ਕਰੀਏ! ਇਹ ਤਾਂ ਤੁਹਾਡੀ ਸੇਵਾ ਦਾ ਸਾਧਨ ਹੈ। ਲੌਕਿਕ ਕੰਮ ਨਹੀਂ ਕਰਦੇ ਹੋ ਲੇਕਿਨ ਅਲੌਕਿਕ ਕੰਮ ਦੇ ਨਿਮਿਤ ਬਣਨ ਦੇ ਲਈ ਲੌਕਿਕ ਕੰਮ ਕਰਦੇ ਹੋ। ਜਿੱਥੇ ਵੀ ਜਾਂਦੇ ਹੋ ਉੱਥੇ ਸੈਂਟਰ ਖੋਲਣ ਦਾ ਉਮੰਗ ਰਹਿੰਦਾ ਹੈ ਨਾ। ਤਾਂ ਲੌਕਿਕ ਕੰਮ ਕਦੋਂ ਤੱਕ ਕਰੋਗੇ - ਇਹ ਨਹੀਂ ਸੋਚੋ। ਲੌਕਿਕ ਕੰਮ ਅਲੌਕਿਕ ਕੰਮ ਦੇ ਨਿਮਿਤ ਕਰਦੇ ਹੋ ਤਾਂ ਤੁਸੀਂ ਸੇਰੇਂਡਰ ਹੋ ਲੌਕਿਕਪਨ ਨਹੀਂ ਹੋ, ਅਲੌਕਿਕਪਨ ਹੈ ਤਾਂ ਲੌਕਿਕ ਕੰਮ ਵਿਚ ਵੀ ਸਮਰਪਣ ਹੋ। ਲੌਕਿਕ ਕੰਮ ਨੂੰ ਛੱਡ ਕੇ ਸਮਰਪਣ ਸਮਾਰੋਹ ਮਨਾਉਣਾ ਹੈ - ਇਹ ਗੱਲ ਨਹੀਂ ਹੈ। ਇਵੇਂ ਕਰਨ ਨਾਲ ਵ੍ਰਿਧੀ ਕਿਵੇਂ ਹੋਵੇਗੀ! ਇਸਲਈ ਲੌਕਿਕ ਕੰਮ ਕਰਦੇ ਅਲੌਕਿਕ ਕੰਮ ਦੇ ਨਿਮਿਤ ਬਣਦੇ ਹੋ, ਤਾਂ ਜ਼ੋ ਨਿਮਿਤ ਲੌਕਿਕ ਸਮਝਦੇ ਹਨ ਅਤੇ ਰਹਿੰਦੇ ਅਲੌਕਿਕਤਾ ਵਿੱਚ ਹਨ, ਅਜਿਹੀਆਂ ਆਤਮਾਵਾਂ ਨੂੰ ਡਬਲ ਕੀ, ਪਦਮ ਮੁਬਾਰਕ ਹੈ। ਸਿਰਫ ਟਰੱਸਟੀ ਹੋਕੇ ਕਰਨਾ, ਮੈਂਪਨ ਵਿੱਚ ਨਹੀਂ ਆਉਣਾ। ਮੈਂ ਇਤਨਾ ਕੰਮ ਕਰਦੀ ਹਾਂ, ਮੈਂ - ਪਨ ਨਹੀਂ। ਕਰਾਵਨਹਾਰ ਕਰਵਾ ਰਿਹਾ ਹੈ। ਮੈਂ ਇੰਸਟਰੂਮੇਂਟ ਹਾਂ। ਪਾਵਰ ਦੇ ਆਧਾਰ ਤੇ ਚੱਲ ਰਹੀ ਹਾਂ। ਅੱਛਾ।

ਅੱਜ ਡਬਲ ਵਿਦੇਸ਼ੀਆਂ ਦਾ ਟਰਨ ਹੈ ਨਾ। ਤੁਸੀਂ ਲੋਕਾਂ ਨੂੰ ਵੀ ਡਬਲ ਵਿਦੇਸ਼ੀਆਂ ਨੂੰ ਵੇਖ ਖੁਸ਼ੀ ਹੁੰਦੀ ਹੈ ਨਾ! ਤਾਂ ਸਾਰੇ ਡਬਲ ਵਿਦੇਸ਼ੀ ਖੁਸ਼ਨੂਮਾ ਹੋ? ਹੱਥ ਦੀ ਤਾਲੀ ਵਜਾਓ। ਹੁਣ ਮਧੂਬਨ ਵਿੱਚ ਤੇ ਮਾਇਆ ਨਹੀਂ ਆਉਂਦੀ ਹੈ ਨਾ?

ਅੱਛਾ, ਇੱਕ ਸੈਕਿੰਡ ਵਿੱਚ ਬਾਪ ਸਮਾਨ ਅਸ਼ਰੀਰੀ ਬਣ ਸਕਦੇ ਹੋ? ਤਾਂ ਇੱਕ ਸੈਕਿੰਡ ਵਿੱਚ ਫੁੱਲ ਸਟਾਪ ਲਗਾਓ ਅਤੇ ਅਸ਼ਰੀਰੀ ਸਥਿਤੀ ਵਿਚ ਸਥਿਤ ਹੋ ਜਾਵੋ। ( ਬਾਪਦਾਦਾ ਨੇ ਤਿੰਨ ਮਿੰਟ ਡਰਿੱਲ ਕਰਵਾਈ ) ਅੱਛਾ, ਇਹ ਸਾਰੇ ਦਿਨ ਵਿੱਚ ਬਾਰ - ਬਾਰ ਅਭਿਆਸ ਕਰਦੇ ਰਹੋ।

ਚਾਰੋਂ ਪਾਸੇ ਦੇ ਸਰਵ ਮਾਇਆ ਜਿੱਤ, ਪ੍ਰਕ੍ਰਿਤੀ ਜਿੱਤ, ਸਾਖਸ਼ੀਪਨ ਦੇ ਤਖਤਨਸ਼ੀਂਨ, ਸਾਥੀ ਦੇ ਸਾਥ ਦਾ ਸਦਾ ਅਨੁਭਵ ਕਰਨ ਵਾਲੇ, ਸਦਾ ਦ੍ਰਿੜ੍ਹਤਾ ਨਾਲ ਸਫਲਤਾ ਨੂੰ ਗਲੇ ਦਾ ਹਾਰ ਬਨਾਉਣ ਵਾਲੇ, ਸਦਾ ਬਾਪ ਸਮਾਨ ਲਾਈਟ ਰਹਿਣ ਵਾਲਾ, ਸਦਾ ਆਪਣੇ ਮਾਇਟ

ਦਵਾਰਾ ਵਿਸ਼ਵ ਨੂੰ ਦੁੱਖ - ਅਸ਼ਾਂਤੀ ਦੀ ਕਮਜੋਰੀ ਤੋਂ ਛੁਡਾਉਣ ਵਾਲੇ ਅਜਿਹੇ ਮਾਸਟਰ ਸੁਖ ਦੇ ਸਾਗਰ, ਖੁਸ਼ੀ ਦੇ ਸਾਗਰ, ਪ੍ਰੇਮ ਦੇ ਸਾਗਰ, ਗਿਆਨ ਦੇ ਸਾਗਰ ਬਾਪ ਸਮਨ ਬੱਚਿਆਂ ਨੂੰ ਯਾਦਪਿਆਰ ਅਤੇ ਨਮਸਤੇ।

ਵਰਦਾਨ:- ਪਰਖਣ ਜਾਂ ਨਿਰਣੇ ਕਰਨ ਦੀ ਸ਼ਕਤੀ ਦਵਾਰਾ ਸੇਵਾ ਵਿਚ ਸਫਲਤਾ ਪ੍ਰਾਪਤ ਕਰਨ ਵਾਲਾ ਸਫਲਤਾ ਮੂਰਤ ਭਵ।
ਜੋ ਪਰਖਣ ਦੀ ਸ਼ਕਤੀ ਦਵਾਰਾ ਬਾਪ ਨੂੰ, ਆਪਣੇ ਆਪ ਨੂੰ, ਸਮੇਂ ਨੂੰ, ਬ੍ਰਾਹਮਣ ਪਰਿਵਾਰ ਨੂੰ ਅਤੇ ਆਪਣੇ ਸ੍ਰੇਸ਼ਠ ਕਰਤਵਿਆ ਨੂੰ ਪਹਿਚਾਣ ਕੇ ਫਿਰ ਨਿਰਣੇ ਕਰਦੇ ਹਨ ਕਿ ਕੀ ਬਣਨਾ ਹੈ ਅਤੇ ਕੀ ਕਰਨਾ ਹੈ, ਉਹ ਹੀ ਸੇਵਾ ਕਰਦੇ, ਕਰਮ ਅਤੇ ਸੰਬੰਧ ਸੰਪਰਕ ਵਿਚ ਆਉਂਦੇ ਸਦਾ ਸਫਲਤਾ ਪ੍ਰਾਪਤ ਕਰਦੇ ਹਨ। ਮਨਸਾ - ਵਾਚਾ - ਕਰਮਣਾ ਹਰ ਤਰ੍ਹਾਂ ਦੀ ਸੇਵਾ ਵਿਚ ਸਫਲਤਾਮੂਰਤ ਬਣਨ ਦਾ ਆਧਾਰ ਹੈ ਪਰਖਣ ਅਰੇ ਨਿਰਣੇ ਕਰਨ ਦੀ ਸ਼ਕਤੀ।

ਸਲੋਗਨ:- ਗਿਆਨ ਯੋਗ ਦੀ ਲਾਈਟ ਮਾਇਟ ਨਾਲ ਸੰਪੰਨ ਬਣੋ ਤਾਂ ਕਿਸੇ ਵੀ ਪ੍ਰਸਥਿਤੀ ਨੂੰ ਸੈਕਿੰਡ ਵਿੱਚ ਪਾਰ ਕਰ ਲਵੋਗੇ।

******